**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621106 | 2624687 | **punjabtrainings2011@gmail.com** |


ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ),(ਵੈਬ ਸਾਇਟ ਰਾਹੀਂ)
ਪੰਜਾਬ।

ਮੀਮੋ ਨੰ:**ਏਐਸਪੀਡੀ/ਟੀ.ਟੀ./2011/81074**
ਮਿਤੀ, ਚੰਡੀਗੜ੍ਹ: **09.08.2011**

ਵਿਸ਼ਾ: **ਸਾਲ 2011-12 ਲਈ ਸਰਵ ਸਿੱਖਿਆ ਅਭਿਆਨ ਅਧੀਨ ਟੀਚਰ (ਟੀ.ਐਲ.ਐਮ) ਗ੍ਰਾਂਟ ਦੀ ਵਰਤੋਂ ਸਬੰਧੀ**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਟੀਚਰ (ਟੀ.ਐਲ.ਐਮ) ਗਰਾਂਟ ਹਰ ਸਾਲ ਸਰਕਾਰੀ, ਪ੍ਰਾਇਮਰੀ , ਅੱਪਰ ਪ੍ਰਾਇਮਰੀ ਅਤੇ ਸਰਕਾਰੀ ਏਡਿਡ ਸਕੂਲਾਂ ਨੂੰ ਦਿੱਤੀ ਜਾਂਦੀ ਰਹੀ ਹੈ। ਇਹ ਗ੍ਰਾਂਟ ਰੈਕਰਿੰਗ ਨੇਚਰ ਦੀ ਹੈ।

2.0 ਵੱਖ-ਵੱਖ ਜਿਲ੍ਹਿਆਂ ਲਈ ਸਰਵ ਸਿੱਖਿਆ ਅਭਿਆਨ ਅਧੀਨ ਸਾਲ 2011-12 ਲਈ ਪ੍ਰਵਾਨ ਹੋਈ ਟੀਚਰ (ਟੀ.ਐਲ.ਐਮ) ਗਰਾਂਟ 'ਅਨੁਲੱਗ-ਅ' ਅਨੁਸਾਰ ਆਪ ਸਭ ਨੂੰ ਨੇੜੇ ਭਵਿੱਖ ਵਿੱਚ ਈ-ਟਰਾਂਸਫਰ ਕਰ ਦਿੱਤੀ ਜਾਵੇਗੀ।

3.0 **ਆਪ ਵਲੋਂ ਮੁੱਖ ਦਫ਼ਤਰ ਨੂੰ ਭੇਜੇ ਗਏ ਸਾਲ 2010-11 ਦੇ ਪ੍ਰਗਤੀ ਰਿਪੋਰਟਾਂ ਅਤੇ ਵਰਤੋਂ ਸਰਟੀਫਿਕੇਟਾਂ ਨੂੰ ਵਾਚਣ ਤੋਂ ਪਤਾ ਲੱਗਦਾ ਹੈ ਕਿ ਇਹ ਗਰਾਂਟਾਂ ਕੁੱਝ ਜਿਲ੍ਹਿਆਂ ਵਿੱਚ ਅਣਵਰਤੀਆਂ ਪਈਆਂ ਹਨ ।ਸਾਲ 2011-12 ਵਿੱਚ ਉਹਨਾਂ ਜਿਲ੍ਹਿਆਂ ਨੂੰ PAB ਵਿੱਚ ਮਜ਼ੂਰ ਹੋਈ ਟੀਚਰ ਗ੍ਰਾਂਟ ਵਿਚੋਂ ਬਕਾਇਆ ਰਾਸ਼ੀ ਘੱਟਾ ਕੇ ਗ੍ਰਾਂਟ ਜਾਰੀ ਕੀਤੀ ਗਈ ਹੈ।ਜੇਕਰ ਆਪ ਨੂੰ ਗ੍ਰਾਂਟ ਦੀ ਹੋਰ ਰਾਸ਼ੀ ਲੋੜੀਂਦੀ ਹੈ ਤਾਂ ਮੁੱਖ ਦਫ਼ਤਰ ਨੂੰ ਜਲਦ ਤੋਂ ਜਲਦ ਸੂਚਿਤ ਕੀਤਾ ਜਾਵੇ ਤਾਂ ਜੋ ਆਪ ਨੂੰ ਲੋੜ ਅਨੁਸਾਰ ਹੋਰ ਰਾਸ਼ੀ ਪੁੱਜਦਾ ਕੀਤੀ ਜਾ ਸਕੇ।**

4.0 ਟੀਚਰ (ਟੀ.ਐਲ.ਐਮ) ਗਰਾਂਟ, ਦੀ ਵਰਤੋਂ ਲਈ ਹੇਠ ਅਨੁਸਾਰ ਦਿਸ਼ਾ ਨਿਰਦੇਸ਼ ਦਿੰਦਿਆਂ ਹੋਇਆਂ ਆਪ ਸਭ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਗਰਾਂਟ ਦੀ ਜਲਦ ਤੋਂ ਜਲਦ ਉਚਿਤ ਵਰਤੋਂ ਕਰਕੇ ਮੁੱਖ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

5.0 **ਟੀਚਰ (ਟੀ.ਐਲ.ਐਮ) ਗਰਾਂਟ, ਦੀ ਵਰਤੋਂ ਅਧਿਆਪਕਾਂ ਦੁਆਰਾ ਟੀਚਿੰਗ ਲਰਨਿੰਗ ਏਡਜ਼ ਬਣਾਉਣ ਲਈ ਕਰਨੀ ਹੁੰਦੀ ਹੈ।ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਹਰ ਅਧਿਆਪਕ ਵਲੋਂ ਆਪਣੇ ਵਿਸ਼ੇ ਨੂੰ ਅਸਰਦਾਰ ਤਰੀਕੇ ਨਾਲ ਪੜਾਉਣ ਲਈ ਯੋਗ ਟੀ.ਐਲ.ਐਮ ,ਆਪ ਬਣਾਇਆ ਜਾਵੇ ਨਾ ਕਿ ਬਾਜ਼ਾਰ ਤੋਂ ਖਰੀਦਿਆਂ ਜਾਵੇ ਅਤੇ ਉਸ ਟੀ.ਐਲ.ਐਮ ਦਾ ਪੂਰਾ ਇਸਤੇਮਾਲ ਕੀਤਾ ਜਾਵੇ।ਇਹ ਵੀ ਧਿਆਨ ਰੱਖਿਆ ਜਾਵੇ ਕਿ ਇੱਕ**

**ਹੀ ਵਿਸ਼ੇ ਦੇ ਵੱਖ-ਵੱਖ ਅਧਿਆਪਕਾ ਵਲੋਂ ਬਣਾਇਆ ਗਿਆ ਟੀ.ਐਲ.ਐਮ ਇੱਕ ਦੂਜੇ ਨਾਲ ਮੇਲ ਨਾ ਖਾਂਦਾ ਹੋਵੇ। ਜਿਥੋਂ ਤੱਕ ਸੰਭਵ ਹੋ ਸਕੇ ਸਕੂਲ ਦਾ ਹਰ ਅਧਿਆਪਕ ਦੂਜਿਆਂ ਨਾਲੋਂ ਕੁੱਝ ਵੱਖਰਾ ਅਤੇ ਨਵਾਂ ਟੀ.ਐਲ.ਐਮ ਤਿਆਰ ਕਰੇ। ਟੀ.ਐਲ.ਐਮ ਗਰਾਂਟ ਦੀ ਵਰਤੋਂ ਕਰਦੇ ਹੋਇਆ ਲੋੜੀਂਦੀ ਪੜਨ ਪੜਾਉਣ ਸਮੱਗਰੀ ਤਿਆਰ ਕਰਨ ਦਾ ਕੰਮ 10 ਦਸੰਬਰ,2011 ਤੱਕ ਮੁਕਮੱਲ ਹੋ ਜਾਣਾ ਚਾਹੀਦਾ ਹੈ।**

**6.0** ਗਰਾਂਟ ਨੂੰ ਵੱਧ ਤੋਂ ਵੱਧ ਇਕਨੱਮੀਕਲ ਤਰੀਕੇ ਨਾਲ ਖਰਚਿਆ ਜਾਵੇ।

**7.0** **ਸਾਰਾ ਟੀ.ਐਲ.ਐਮ ਅਲਮਾਰੀਆਂ ਵਿੱਚ ਤਾਲੇ ਹੇਠ ਬੰਦ ਨਾ ਕਰਕੇ,ਸਕੂਲ ਵਿੱਚ ਇੱਕ ਸਾਂਝੀ ਜਗ੍ਹਾ ਤੇ ਰੱਖਿਆ ਜਾਵੇ ਤਾਂ ਜੋ ਸਮੂਹ ਅਧਿਆਪਕ ਆਪਣੀ-ਆਪਣੀ ਜਮਾਤ ਵਿੱਚ ਲੋੜ ਅਨੁਸਾਰ ਟੀ.ਐਲ.ਐਮ.ਦੀ ਵਰਤੋਂ ਕਰ ਸੱਕਣ।**

**8.0** **ਬਣਾਏ ਗਏ ਟੀ.ਐਲ .ਐਮ ਦੀ ਵਰਤੋਂ ਨਿਯਮਿਤ ਰੂਪ ਵਿੱਚ ਪੜਾਉਂਦੇ ਸਮੇਂ ਹਰ ਕਲਾਸ ਵਿੱਚ ਕੀਤੀ ਜਾਵੇ।**

**9.0** ਬਲਾਕ ਅਤੇ ਜਿਲ੍ਹਾ ਪੱਧਰ ਤੇ ਹੋਣ ਵਾਲੀਆਂ ਹਫਤਾਵਾਰੀ ਮੀਟਿੰਗਾਂ ਵਿੱਚ, ਖਰਚੀ ਗਈ ਰਾਸ਼ੀ ਦਾ ਰੀਵਿਊ ਜਰੂਰ ਕੀਤਾ ਜਾਵੇ।

**10.0** ਅੱਪਰ ਪ੍ਰਾਇਮਰੀ ਪੱਧਰ ਤੇ ਜਿਲ੍ਹਾ ਸਾਇੰਸ ਸੁਪਰਵਾਇਜ਼ਰ ਵਲੋਂ ਅਤੇ ਪ੍ਰਾਇਮਰੀ ਪੱਧਰ ਦੇ ਬੀ.ਐਮ.ਟੀ/ਸੀ.ਐਮ.ਟੀ. ਅਤੇ ਜਿਲ੍ਹਾ ਕੋਆਰਡੀਨੇਟਰਜ਼ ਵਲੋਂ ਟੀ.ਐਲ.ਐਮ ਦੀ ਰਾਸ਼ੀ ਸਮੇ ਸਿਰ ਖਰਚਣ ਦੀ ਮੁਨੀਟਰਿੰਗ ਕੀਤੀ ਜਾਵੇਗੀ ਅਤੇ ਇਹਨਾਂ ਵਲੋਂ ਹੀ ਵਰਤੋ ਸਰਟੀਫਿਕੇਟ ਇੱਕਠੇ ਕਰਕੇ **APC (Finance)** ,ਦਫ਼ਤਰ **ਜਿ.ਸਿੱ.ਅ. (ਐ.ਸਿ)** ਨੂੰ ਮੁੱਹਈਆ ਕਰਵਾਏ ਜਾਣਗੇ।

**11.0** **ਉਪਰੋਕਤ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾਵ੍ਹੇ।**

**ਡਿਪਟੀ.ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ,ਚੰਡੀਗੜ੍ਹ**

**ਪਿਠ ਅੰਕਣ ਨੰ: ਏਐਸਪੀ.ਡੀ/ਟੀ.ਟੀ/2011/ ਉਕਤ** **ਮਿਤੀ:09.08.2011**

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ **ਵੈਬ ਸਾਇਟ ਰਾਹੀ** ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
2. ਸਮੂਹ ਸਕੂਲ ਮੁੱਖੀ ,ਪੰਜਾਬ
3. ਸਮੂਹ ਬੀ.ਪੀ.ਈ.ਓ.,ਪੰਜਾਬ
4. ਸਮੂਹ ਜਿਲ੍ਹਾ ਸਾਇੰਸ ਸੁਪਰਵਾਇਜ਼ਰ,ਪੰਜਾਬ
5. ਸਮੂਹ ਜਿਲ੍ਹਾ ਕੋਆਰਡੀਨੇਟਰਜ਼ ,ਪੰਜਾਬ
6. ਡੀ.ਐਮ.(ਐਮ.ਆਈ.ਐਸ) ਨੂੰ ਵੈਬ ਸਾਇਟ ਤੇ ਪਾਉਣ ਲਈ।

**ਡਿਪਟੀ.ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ,ਚੰਡੀਗੜ੍ਹ**

# ਅਨੁਲੱਗ 'ਅ'

| ਟੀਚਰ ਗ੍ਰਾਂਟ (ਟੀ.ਐਲ.ਐਮ)@ Rs. 500/- 2011-12 ਮੱਦ 3 | | | | | | | | | | | |
|---|---|---|---|---|---|---|---|---|---|---|---|
| | ਪ੍ਰਾਇਮਰੀ 3.01 | | | | ਅੱਪਰ ਪ੍ਰਾਇਮਰੀ 3.02 | | | | ਕੁੱਲ ਜੋੜ | | |
| ਜ਼ਿਲ੍ਹੇ ਦਾ ਨਾਂ | ਫਿਜ਼ੀਕਲ | PAB ਵਲੋਂ ਮਜ਼ੂੰਰ ਰਾਸ਼ੀ | ਬਕਾਇਆ (2010 – 2011) | ਜਿਲ੍ਹਿਆਂ ਨੂੰ ਭੇਜੀ ਜਾਣ ਵਾਲੀ ਰਾਸ਼ੀ | ਫਿਜ਼ੀਕਲ | PAB ਵਲੋਂ ਮਜ਼ੂੰਰ ਰਾਸ਼ੀ | ਬਕਾਇਆ (2010 – 2011) | ਜਿਲ੍ਹਿਆਂ ਨੂੰ ਭੇਜੀ ਜਾਣ ਵਾਲੀ ਰਾਸ਼ੀ | ਫਿਜ਼ੀਕਲ | PAB ਵਲੋਂ ਮਜ਼ੂੰਰ ਰਾਸ਼ੀ | ਜਿਲ੍ਹਿਆਂ ਨੂੰ ਭੇਜੀ ਜਾਣ ਵਾਲੀ ਰਾਸ਼ੀ |
| ਅੰਮ੍ਰਿਤਸਰ | 3049 | 15.25 | 0 | 15.25 | 2716 | 13.58 | 0 | 13.58 | 5765 | 28.83 | 28.83 |
| ਬਰਨਾਲਾ | 772 | 3.86 | 0.225 | 3.635 | 740 | 3.7 | 0 | 3.7 | 1512 | 7.56 | 7.335 |
| ਬਠਿੰਡਾ | 1909 | 9.55 | 0.29 | 9.26 | 1717 | 8.58 | 0.03 | 8.55 | 3626 | 18.13 | 17.81 |
| ਫਿਰੋਜ਼ਪੁਰ | 3634 | 18.17 | 0.285 | 17.885 | 3172 | 15.86 | 0 | 15.86 | 6806 | 34.03 | 33.745 |
| ਫਰੀਦਕੋਟ | 1104 | 5.52 | 0.115 | 5.405 | 911 | 4.55 | 0.065 | 4.485 | 2015 | 10.07 | 9.89 |
| ਫਤਿਹਗੜ੍ਹ | 1010 | 5.05 | 0 | 5.05 | 1125 | 5.62 | 0 | 5.62 | 2135 | 10.67 | 10.67 |
| ਗੁਰਦਾਸਪੁਰ | 4008 | 20.04 | 0.37 | 19.67 | 3384 | 16.92 | 0.33 | 16.59 | 7392 | 36.96 | 36.26 |
| ਹੁਸ਼ਿਆਰਪੁਰ | 3234 | 16.17 | 0.145 | 16.025 | 2941 | 14.7 | 0.29 | 14.41 | 6175 | 30.87 | 30.435 |
| ਜਲੰਧਰ | 2981 | 14.9 | 1.8 | 13.1 | 2565 | 12.82 | 0.035 | 12.785 | 5546 | 27.72 | 25.885 |
| ਕਪੂਰਥਲਾ | 1523 | 7.62 | 0 | 7.62 | 1447 | 7.23 | 0 | 7.23 | 2970 | 14.85 | 14.85 |
| ਲੁਧਿਆਣਾ | 3593 | 17.97 | 0.97 | 17 | 3206 | 16.03 | 0.155 | 15.875 | 6799 | 34 | 32.875 |
| ਮੋਗਾ | 1589 | 7.94 | 3.36 | 4.58 | 1741 | 8.7 | 0.04 | 8.66 | 3330 | 16.64 | 13.24 |
| ਮਾਨਸਾ | 1344 | 6.72 | 0 | 6.72 | 1044 | 5.22 | 0 | 5.22 | 2388 | 11.94 | 11.94 |
| ਮੁਕਤਸਰ | 1455 | 7.27 | 0.25 | 7.02 | 1310 | 6.55 | 0 | 6.55 | 2765 | 13.82 | 13.57 |
| ਮੋਹਾਲੀ | 1150 | 5.75 | 0 | 5.75 | 1208 | 6.04 | 0 | 6.04 | 2358 | 11.79 | 11.79 |
| ਨਵਾਂਸ਼ਹਿਰ | 1156 | 5.78 | 0 | 5.78 | 1044 | 5.22 | 0 | 5.22 | 2200 | 11 | 11 |
| ਪਟਿਆਲਾ | 2755 | 13.77 | 0 | 13.77 | 2435 | 12.17 | 0 | 12.17 | 5190 | 25.94 | 25.94 |
| ਰੂਪਨਗਰ | 1354 | 6.77 | 0 | 6.77 | 1444 | 7.22 | 0 | 7.22 | 2798 | 13.99 | 13.99 |
| ਸੰਗਰੂਰ | 2201 | 11 | 0.435 | 10.565 | 2143 | 10.71 | 0 | 10.71 | 4344 | 21.71 | 21.275 |
| ਤਰਨ-ਤਾਰਨ | 1661 | 8.3 | 0 | 8.3 | 909 | 4.54 | 0 | 4.54 | 2570 | 12.84 | 12.84 |
| **ਕੁੱਲ ਜੋੜ** | **41482** | **207.4** | **8.245** | **199.155** | **37202** | **185.96** | **0.945** | **185.015** | **78684** | **393.36** | **384.17** |